# ਯੂਟਿਲਟੀ ਆਟੋ ਡੈਬਟ ਪਲੈਨ

ABBOTSFORD

ਆਪਣੇ ਯੂਟਿਲਟੀ ਬਿੱਲ ਨਿਸ਼ਚਿਤ ਤਾਰੀਖ਼ ਉਤੇ ਇਕ ਆਟੋਮੈਟਿਕ ਅਦਾਇਗੀ ਪਲੈਨ ਰਾਹੀਂ ਅਦਾ ਕਰੋ!

- ਮੁਫ਼ਤ ਸੇਵਾ
- ਸਮੇਂ ਸਿਰ ਅਦਾਇਗੀ ਕਰਕੇ ਬੱਚਤ ਕਰੋ!
- ਕੋਈ ਪ੍ਰਬੰਧਕੀ ਖ਼ਰਚੇ ਨਹੀਂ
- ਡਾਕ ਰਾਹੀਂ ਚੈੱਕ ਭੇਜਣੇ ਜਾਂ ਕਤਾਰ ਵਿਚ ਖੜ੍ਹ ਕੇ ਉਡੀਕ

ਯੂਟਿਲਟੀ ਆਟੋ ਡੈਬਿਟ ਪਲੈਨ, ਸਿਟੀ ਔਫ਼ ਐਬਟਸਫ਼ੋਰਡ ਨੂੰ ਅਧਿਕਾਰ ਦਿੰਦੀ ਹੈ ਕਿ ਉਹ ਤੁਹਾਡੇ ਵੱਲ ਰਹਿੰਦੀ ਯੂਟਿਲਟੀ ਖ਼ਾਤੇ ਦੀ ਰਕਮ, ਜੋ ਤੁਹਾਡੇ ਯੂਟਿਲਟੀ ਬਿੱਲ ਉਤੇ ਦਿਖਾਈ ਗਈ ਹੋਵੇ, ਤੁਹਾਡੇ ਬੈਂਕ ਖ਼ਾਤੇ ਵਿਚੋਂ ਹਰੇਕ ਮਿਥੀ ਤਾਰੀਖ਼ ਉਤੇ ਆਪਣੇ ਆਪ ਕਢਵਾ ਲਵੇ। ਤੁਹਾਡਾ ਬੈਂਕ ਖ਼ਾਤਾ ਕਿਸੇ ਵੀ ਕਨੇਡੀਅਨ ਮਾਲੀ ਸੰਸਥਾ ਵਿਚ ਹੋ ਸਕਦਾ ਹੈ।

## ਪਲੈਨ ਬਾਰੇ ਜਾਣਕਾਰੀ

### ਅਰਜ਼ੀ ਦੇਣੀ

ਹੇਠਾਂ ਦਿੱਤਾ ਅਰਜ਼ੀ ਫ਼ਾਰਮ ਭਰ ਕੇ ਨਾਲ ਆਪਣਾ ਇਕ ਚੈੱਕ "ਵੋਇਡ" (ਜ਼ੌਧ) ਲਿਖ ਕੇ ਜਾਂ ਬੈਂਕ ਵਲੋਂ ਜਾਰੀ ਕੀਤਾ "ਡਾਇਰੈਕਟ ਵਿਦਡਰਾਲ ਰਿਕੁਐਸਟ" (DWR) ਫ਼ਾਰਮ ਭਰ ਕੇ ਭੇਜ ਦਿਓ।

### ਅਦਾਇਗੀ ਦੀ ਰਕਮ

ਜਿਹੜੀ **ਰਕਮ ਤੁਹਾਡੇ ਖ਼ਾਤੇ 'ਚੋਂ ਕੱਢੀ ਜਾਣੀ ਹੈ** ਉਹ ਤੁਹਾਡੇ ਯੂਟਿਲਟੀ ਬਿੱਲ ਉਤੇ ਬਕਾਏ ਦੇ ਰੂਪ ਵਿਚ ਦਿਖਾਈ ਗਈ ਹੋਵੇਗੀ। ਅਦਾਇਗੀ ਦੀ ਰਕਮ ਇਕ ਮਿਥੇ ਸਮੇਂ ਵਿਚ ਹੋਈ ਤੁਹਾਡੀ ਪਾਣੀ ਦੀ ਖਪਤ ਉਤੇ ਨਿਰਭਰ ਕਰੇਗੀ ਅਤੇ ਇਹ ਹਰ ਵਾਰ ਵਖਰੀ ਹੋ ਸਕਦੀ ਹੈ। ਇਹ ਯਕੀਨੀ ਬਣਾਉਣਾ ਤੁਹਾਡੀ ਜ਼ਿੰਮੇਵਾਰੀ ਹੈ ਕਿ ਬਿੱਲ ਦੀ ਅਦਾਇਗੀ ਲਈ ਤੁਹਾਡੇ ਬੈਂਕ ਖਾਤੇ ਵਿਚ ਮੁਨਾਸਿਬ ਰਕਮ ਜਮ੍ਹਾਂ ਹੋਵੇ। ਜੇ ਤੁਹਾਡੀ, ਯੂਟਿਲਟੀ ਆਟੋ ਡੈਬਟ ਪਲੈਨ, ਚਾਲੂ ਹੈ ਤਾਂ ਤੁਹਾਡੇ ਬਿੱਲ ਉਪਰ ਇਹ ਸਪਸ਼ਟ ਕਰਕੇ ਲਿਖਿਆ ਹੋਵੇਗਾ, "ਅਮਾਊਂਟ ਟੂ ਬੀ ਵਿਦਡਰਾਨ"। ਤੁਹਾਨੂੰ ਇਕ ਵਾਧੂ ਬਿੱਲ ਉਸ ਵਕਤ ਖ਼ੁਦ ਦੇਣਾ ਪੈ ਸਕਦਾ ਹੈ ਜਦੋਂ ਤੁਸੀਂ ਇਸ ਪਲੈਨ ਵਾਸਤੇ ਅਪਲਾਈ ਕਰਦੇ ਹੋ।

### ਅਦਾਇਗੀ ਦੀ ਰਕਮ ਕਢਵਾਉਣ ਦੀਆਂ ਤਾਰੀਖ਼ਾਂ

ਇਹ ਅਰਜ਼ੀ ਤੁਹਾਡੇ ਅਗਲੇ ਬਿੱਲ ਦੇ ਪੀਰੀਅਡ ਤੋਂ ਲਾਗੂ ਹੋਵੇਗੀ। ਆਪਣਾ ਅਗਲਾ ਬਿੱਲ ਧਿਆਨ ਨਾਲ ਚੈੱਕ ਕਰੋ। ਇਕ ਵਾਰ ਜਦੋਂ ਤੁਸੀਂ ਇਸ ਪਲੈਨ ਵਿਚ ਦਾਖ਼ਲ ਹੋ ਗਏ, ਤੁਹਾਡੇ ਅਗਲੇ ਬਿੱਲ ਵਿਚ ਦਿਖਾਇਆ ਹੋਵੇਗਾ ਕਿ ਅਦਾਇਗੀ ਦੀ ਕਿੰਨੀ ਰਕਮ ਕੱਢੀ ਜਾਣੀ ਹੈ। ਹੋ ਸਕਦਾ ਹੈ ਤੁਹਾਨੂੰ ਇਕ ਬਿੱਲ ਹੋਰ ਮਿਲੇ ਜਿਸ ਦੀ ਅਦਾਇਗੀ ਤੁਹਾਨੂੰ ਪਲੈਨ ਸ਼ੁਰੂ ਹੋਣ ਤੋਂ ਪਹਿਲਾਂ ਆਪ ਕਰਨੀ ਹੋਵੇਗੀ। ਭਵਿੱਖ ਦੀਆਂ ਅਦਾਇਗੀਆਂ ਦੀ ਰਕਮ ਤੁਹਾਡੇ ਬਿੱਲ ਉਤੇ ਦਿਖਾਈ ਹੋਵੇਗੀ ਅਤੇ ਮਿਥੀ ਤਾਰੀਖ਼ ਤੇ ਤੁਹਾਡੇ ਬੈਂਕ ਖ਼ਾਤੇ ਵਿਚੋਂ ਸਿਧੀ ਕੱਢਵਾ ਲਈ ਜਾਇਆ ਕਰੇਗੀ।

### ਕਿਸ਼ਤ ਦੀ ਰਕਮ ਨਾ ਦਿੱਤੀ ਜਾਣੀ

ਬੈਂਕ ਵਲੋਂ ਕਿਸ਼ਤ ਦੀ ਰਕਮ ਨਾ ਦਿੱਤੇ ਜਾਣ ਤੇ ਸਰਵਿਸ ਚਾਰਜ ਅਤੇ ਦੇਰੀ ਦਾ ਜੁਰਮਾਨਾ ਲਾਇਆ ਜਾਵੇਗਾ। ਵਿਦਡਰਾਲ ਦੀ ਰਕਮ ਲਗਾਤਾਰ ਦੋ ਵਾਰ ਨਾ ਦਿੱਤੇ ਜਾਣ ਤੇ ਸਿਟੀ ਵਲੋਂ ਤੁਹਾਡੀ ਆਟੋ ਡੈਬਟ ਪਲੈਨ ਵਿਚੋਂ ਹਾਜ਼ਰੀ ਖਾਰਜ ਕਰ ਦਿੱਤੀ ਜਾਵੇਗੀ।

### ਬਦਲਾਵ ਅਤੇ ਮਨਸੂਖੀ

ਜੇ ਤੁਸੀਂ ਆਪਣੀ ਪ੍ਰਾਪਰਟੀ ਨੂੰ ਵੇਚ ਰਹੇ ਹੋ, ਬੈਂਕ ਦੇ ਵੇਰਵੇ ਵਿਚ ਅਦਲਾ ਬਦਲੀ ਕਰ ਰਹੇ ਹੋ ਜਾਂ ਪਲੈਨ ਖਾਰਜ ਕਰ ਰਹੇ ਹੋ ਤਾਂ ਬਿੱਲ ਦੇਣ ਦੀ ਮਿਥੀ ਤਾਰੀਖ਼ ਤੋਂ ਘੱਟੋਘੱਟ ਇਕ ਹਫ਼ਤਾ ਪਹਿਲਾਂ ਸਿਟੀ ਨੂੰ ਲਿਖਤੀ ਰੂਪ ਵਿਚ ਲਾਜ਼ਮੀ ਇਤਲਾਹ ਦਿੱਤੀ ਜਾਵੇ। ਅਕਾਊਂਟ ਨੰਬਰ ਪ੍ਰਾਪਰਟੀ ਦੇ ਨਾਲ ਰਹੇਗਾ, ਪ੍ਰਾਪਰਟੀ ਦੇ ਮਾਲਕ ਕੋਲ ਨਹੀਂ।

**ਹੇਠਾਂ ਦਿੱਤਾ ਫ਼ਾਰਮ ਭਰ ਕੇ ਨਾਲ ਖ਼ਾਲੀ ਚੈੱਕ ਉਤੇ "ਜ਼ੌਧ" ਲਿਖ ਕੇ ਜਾਂ "ਧ੍ਰਾਂ" ਫ਼ਾਰਮ ਭਰ ਕੇ ਹੇਠਾਂ ਦਿੱਤੇ ਪਤੇ ਤੇ ਭੇਜ ਦਿਓ:**

City of Abbotsford Property Tax and Utility Department
32315 South Fraser Way, Abbotsford, BC V2T 1W7
**ਜਾਂ ਫੈਕਸ ਕਰੋ:** 604-853-8505
**ਜਾਂ ਫਾਰਮ ਸਕੈਨ ਕਰਕੇ ਹੇਠਾਂ ਦਿੱਤੀ ਈਮੇਲ ਤੇ ਭੇਜੋ:** cash@abbotsford.ca

ਫ਼ਾਰਮ ਦਾ ਇਹ ਭਾਗ ਆਪਣੇ ਰਿਕਾਰਡ ਲਈ ਰੱਖ ਲਵੋ।

---

## ਅਰਜ਼ੀ ਫ਼ਾਰਮ: ਸਿਟੀ ਔਫ਼ ਐਬਟਸਫ਼ੋਰਡ ਯੂਟਿਲਟੀ ਆਟੋ ਡੈਬਟ ਪਲੈਨ

☐ ਮੈਂ ਪਹਿਲੀ ਵਾਰੀ ਅਪਲਾਈ ਕਰ ਰਿਹਾ/ਰਹੀ ਹਾਂ ☐ ਮੈਂ ਮੌਜੂਦਾ ਭਾਗੀਦਾਰ ਹਾਂ, ਮੈਂ ਆਪਣੇ ਬੈਂਕ ਦੀ ਜਾਣਕਾਰੀ ਬਦਲ ਰਿਹਾ/ਰਹੀ ਹਾਂ

ਯੂਟਿਲਟੀ ਅਕਾਊਂਟ ਨੰਬਰ: ______________________________

ਨਾਮ: ______________________________
ਪਹਿਲਾ ਨਾਮ/ਉਪ ਨਾਮ

ਪ੍ਰਾਪਰਟੀ ਦਾ ਪਤਾ: ______________________________

ਚਿੱਠੀ-ਪੱਤਰੀ ਲਈ ਪਤਾ (ਜੇ ਪ੍ਰਾਪਰਟੀ ਦੇ ਪਤੇ ਨਾਲੋਂ ਵਖਰਾ ਹੈ) ______________________________

ਦਿਨ ਵਾਸਤੇ ਫ਼ੋਨ: ______________ ਈ-ਮੇਲ: ______________ ਤਾਰੀਖ਼: ______________

ਆਟੋ ਡੈਬਟ ਦਾ ਅਧਿਕਾਰ ਦੇਣ ਵਾਲਾ: (ਨਾਮ ਪ੍ਰਿੰਟ ਕਰੋ ਅਤੇ ਦਸਤਖ਼ਤ ਕਰੋ ______________ / ______________
ਜੇ ਇਲੈਕਟ੍ਰੌਨੀਕਲੀ ਮਨਜ਼ੂਰ ਹੋ ਚੁੱਕਾ ਹੈ ਤਾਂ ਇਸ ਦੀ ਲੋੜ ਨਹੀਂ

ਆਟੋ ਡੈਬਟ ਦਾ ਅਧਿਕਾਰ ਦੇਣ ਵਾਲਾ: (ਨਾਮ ਪ੍ਰਿੰਟ ਕਰੋ ਅਤੇ ਦਸਤਖ਼ਤ ਕਰੋ ______________ / ______________
ਜੇ ਇਲੈਕਟ੍ਰੌਨੀਕਲੀ ਮਨਜ਼ੂਰ ਹੋ ਚੁੱਕਾ ਹੈ ਤਾਂ ਇਸ ਦੀ ਲੋੜ ਨਹੀਂ

ਮੈਂ/ਅਸੀਂ ਅਗਲੇ ਪੰਨੇ ਉਤੇ ਦਿੱਤੀਆਂ ਟਰਮਜ਼ ਤੇ ਕੰਡੀਸ਼ਨਜ਼ ਪੜ੍ਹ ਲਈਆਂ ਹਨ ਤੇ ਸਮਝ ਲਈਆਂ ਹਨ ਇਸ ਲਈ ਮੈਂ/ਅਸੀਂ ਸਿਟੀ ਔਫ਼ ਐਬਟਸਫ਼ੋਰਡ ਨੂੰ ਇਹ ਅਧਿਕਾਰ ਦਿੰਦਾ/ਦਿੰਦੇ ਹਾਂ ਕਿ ਉਪਰੋਕਤ ਦਿੱਤੇ ਯੂਟਿਲਟੀ ਖ਼ਾਤੇ ਵਿਚ ਦਿਖਾਏ ਬਿੱਲ ਦੇ ਬਕਾਏ ਦੀ ਰਕਮ ਉਹ ਮੇਰੇ/ਸਾਡੇ ਬੈਂਕ ਖਾਤੇ ਵਿਚੋਂ ਮਿਆਦੀ ਤਾਰੀਖ਼ ਨੂੰ ਕਢਵਾ ਲੈਣ। ਇਹ ਅਧਿਕਾਰ ਮਿਥੀ ਤਾਰੀਖ਼ ਤੋਂ ਇਕ ਹਫ਼ਤਾ ਪਹਿਲਾਂ ਲਿਖ਼ਤੀ ਨੋਟਸ ਦੇ ਕੇ ਮਨਸੂਖ਼ ਕੀਤਾ ਜਾ ਸਕਦਾ ਹੈ। ਆਪਣੀ ਅਰਜ਼ੀ ਦੇ ਨਾਲ ਖ਼ਾਲੀ ਚੈੱਕ ਉਤੇ "VOID" ਲਿਖ ਕੇ ਜਾਂ "DWR" ਫ਼ਾਰਮ ਭਰ ਕੇ ਨਾਲ ਨੱਥੀ ਕਰਕੇ ਭੇਜਣਾ ਨਾ ਭੁੱਲਣਾ। ਸਕੈਨ ਕੀਤੇ ਹੋਏ ਕਾਗ਼ਜ਼ ਮਨਜ਼ੂਰ ਕਰ ਲਏ ਜਾਣਗੇ।

**ਅਕਾਊਂਟ ਦੇ ਸਾਰੇ ਲੋੜੀਂਦੇ ਦਸਤਖ਼ਤ-ਕਰਤਾ ਜ਼ਰੂਰ ਦਸਤਖ਼ਤ ਕਰਨ।**

☐ ਮੈਂ ਸਹਿਮਤ ਹਾਂ

ਮੈਂ ਸਹਿਮਤ ਹਾਂ ਕਿ ਉਪਰੋਕਤ ਅਰਜ਼ੀ ਵਿਚ ਆਪਣਾ ਨਾਮ ਵਾਲਾ ਖਾਨਾ ਪੁਰ ਕਰਕੇ ਅਤੇ "ਮੈਂ ਸਹਿਮਤ ਹਾਂ" ਵਾਲੇ ਖਾਨੇ ਤੇ ਸਹੀ ਲਗਾ ਕੇ ਮੈਂ ਸਹੀ ਅਰਥਾਂ ਵਿਚ ਆਪਣੀ ਅਰਜ਼ੀ ਤੇ ਦਸਤਖ਼ਤ ਕਰ ਰਿਹਾ/ਰਹੀ ਹਾਂ। ਟਵਿਏਲੇ ਸਗਿਨਿਗ ਮੇ ੳਪਪਲਚਿੳਟੌਨਿ.

**ਨੋਟ ਕਰੋ: ਇਹ ਫ਼ਾਰਮ ਅਗਲੇ ਬਿਲਿੰਗ ਪੀਰੀਅਡ ਲਈ ਮਨਜ਼ੂਰ ਕੀਤਾ ਜਾਵੇਗਾ, ਕਿਰਪਾ ਕਰਕੇ ਮੌਜੂਦਾ ਬਿੱਲ ਦੀ ਰਕਮ ਦੀ ਅਦਾਇਗੀ ਕਰ ਦਿਓ।** ਜੇ **"AMOUNT TO BE WITH-DRAWN"** ਤੁਹਾਡੇ ਅਗਲੇ ਬਿੱਲ ਤੇ ਨਾ ਦਿਖਾਈ ਦਿੱਤਾ ਤਾਂ ਇਸ ਦਾ ਭਾਵ ਹੋਵੇਗਾ ਕਿ ਤੁਹਾਡੀ ਪਲੈਨ ਅਜੇ ਸ਼ੁਰੂ ਨਹੀਂ ਹੋਈ ਤੇ ਤੁਹਾਨੂੰ ਬਕਾਏ ਦੀ ਰਕਮ ਆਪ ਅਦਾ ਕਰਨੀ ਪਵੇਗੀ।

# ਟਰਮਾਂ ਅਤੇ ਸ਼ਰਤਾਂ: **ਸਿਟੀ ਔਫ਼ ਐਬਟਸਫ਼ੋਰਡ ਯੂਟਿਲਟੀ ਆਟੋ ਡੈਬਟ ਪਲੈਨ**

1. ਪ੍ਰਾਪਰਟੀ ਮਾਲਕ ਨੂੰ ਇਸ ਗੱਲ ਦੀ ਸਮਝ ਹੈ ਕਿ ਯੂਟਿਲਟੀ ਆਟੋ ਡੈਬਿਟ ਪਲੈਨ, ਪ੍ਰਾਪਰਟੀ ਮਾਲਕ ਦੀ ਸਹੂਲਤ ਵਾਸਤੇ ਹੈ। ਸਿਟੀ ਔਫ਼ ਐਬਟਸਫ਼ੋਰਡ ਇਸ ਅਧਿਕਾਰ ਨਾਲ ਬਣੀ ਪ੍ਰਤਿਨਿਧਤਾ ਉਤੇ ਭਰੋਸਾ ਰਖਦੀ ਹੈ ਕਿ ਪ੍ਰਾਪਰਟੀ ਮਾਲਕ ਦਾ ਬੈਂਕ ਅਕਾਉਂਟ ਚੰਗੀ ਹਾਲਤ ਵਿਚ ਹੋਵੇਗਾ ਜਿਸ ਵਿਚ ਪਹਿਲੋਂ ਅਧਿਕਾਰਤ ਕੀਤੀਆਂ ਕਿਸ਼ਤਾਂ ਸਮੇਂ ਸਿਰ ਤਾਰਨ ਲਈ ਲੋੜੀਂਦੇ ਪੈਸੇ ਮੌਜੂਦ ਹੋਣਗੇ।

2. ਪ੍ਰਾਪਰਟੀ ਮਾਲਕ ਵੱਲੋਂ ਪਹਿਲਾਂ ਤੋਂ ਅਧਿਕਾਰਤ ਕਿਸ਼ਤ ਦੀ ਰਕਮ, ਬਿੱਲ ਦੇ ਪਿੱਛਲੇ ਪਾਸੇ ਦਿਖਾਈ ਗਈ ਪ੍ਰਾਪਰਟੀ ਲਈ, ਯੂਟਿਲਟੀ ਦੇ ਹਰ ਬਿੱਲ ਦੀ ਅਦਾਇਗੀ ਦੀ ਮਿਥੀ ਤਾਰੀਖ਼ ਉਤੇ ਉਸਦੀ ਬੈਂਕ ਨੂੰ ਪੇਸ਼ ਕੀਤੀ ਜਾਵੇਗੀ, ਜਿਹੜੀ ਕਿ ਪ੍ਰਾਪਰਟੀ ਮਾਲਕ ਦੇ ਯੂਟਿਲਟੀ ਅਕਾਊਂਟ ਦੀ ਕਿਸ਼ਤ ਮਿਥੀ ਤਾਰੀਖ਼ ਤੇ ਤਾਰਨ ਲਈ ਹੋਵੇਗੀ।

3. ਜੇ ਯੂਟਿਲਟੀ ਦੇ ਪਹਿਲਾਂ ਤੋਂ ਅਧਿਕਾਰਤ ਕਿਸ਼ਤ ਦੀ ਰਕਮ ਵਿਚ ਕੋਈ ਤਬਦੀਲੀ ਕਰਨ ਦੀ ਲੋੜ ਹੋਵੇ ਤਾਂ ਇਹ ਕੇਵਲ ਪ੍ਰਾਪਰਟੀ ਮਾਲਕ ਨੂੰ ਪਹਿਲਾਂ ਲੋੜੀਂਦਾ ਨੋਟਿਸ ਦੇਣ ਪਿੱਛੋਂ ਹੀ ਕੀਤੀ ਜਾਵੇਗੀ।

4. ਸਿਟੀ ਨੂੰ ਦਿੱਤਾ ਇਹ ਅਧਿਕਾਰ, ਕਿਸ਼ਤ ਕਢਵਾਏ ਜਾਣ ਦੀ ਮਿਥੀ ਤਾਰੀਖ਼ ਤੋਂ ਇਕ ਹਫ਼ਤਾ ਪਹਿਲਾਂ ਪ੍ਰਾਪਰਟੀ ਮਾਲਕ ਵੱਲੋਂ ਸਿਟੀ ਔਫ਼ ਐਬਟਸਫੋਰਡ ਨੂੰ ਨੋਟਿਸ ਦੇ ਕੇ ਮਨਸੂਖ ਕੀਤਾ ਜਾ ਸਕਦਾ ਹੈ, ਜਾਂ ਸਿਟੀ ਔਫ਼ ਐਬਟਸਫੋਰਡ ਵੱਲੋਂ ਕਿਸੇ ਸਮੇਂ ਵੀ ਕੀਤਾ ਜਾ ਸਕਦਾ ਹੈ। ਇਸ ਮਨਸੂਖੀ ਕਰਨ ਪਿੱਛੋਂ ਜੇ ਕੋਈ ਬਕਾਇਆ ਰਹਿੰਦਾ ਹੋਵੇ ਤਾਂ ਪ੍ਰਾਪਰਟੀ ਮਾਲਕ ਨੂੰ ਉਸ ਦੀ ਅਦਾਇਗੀ ਸਿਟੀ ਔਫ਼ ਐਬਟਸਫੋਰਡ ਨੂੰ ਸਿਧੀ ਕਰਨੀ ਪਵੇਗੀ।

5. ਪ੍ਰਾਪਰਟੀ ਮਾਲਕ ਦੀ ਬੈਂਕ ਵਲੋਂ ਕਿਸ਼ਤ ਦੀ ਰਕਮ ਨਾ-ਮਨਜ਼ੂਰ ਕੀਤੇ ਜਾਣ ਉਤੇ ਸਰਵਿਸ ਚਾਰਜ ਅਤੇ ਦੇਰੀ ਦਾ ਜੁਰਮਾਨਾ ਲਾਇਆ ਜਾਵੇਗਾ। ਜੇ ਪਹਿਲਾਂ ਤੋਂ ਅਧਿਕਾਰਤ ਦੋ ਕਿਸ਼ਤਾਂ ਦੀ ਰਕਮ ਲਗਾਤਾਰ ਦੋ ਵਾਰ ਨਾ ਦਿੱਤੇ ਜਾਣ ਤੇ ਸਿਟੀ ਵਲੋਂ ਤੁਹਾਡੀ ਆਟੋ ਡੈਬਟ ਪਲੈਨ ਵਿਚੋਂ ਹਾਜ਼ਰੀ ਖਾਰਜ ਕਰ ਦਿੱਤੀ ਜਾਵੇਗੀ। ।

6. ਯੂਟਿਲਟੀ ਆਟੋ ਡੈਬਟ ਪਲੈਨ ਵਿਚ ਪੈਸੇ ਰੀਫੰਡ ਨਹੀਂ ਹੋ ਸਕਦੇ

7. ਜੇ ਤੁਹਾਡੀ ਪੇਮੈਂਟ ਪਲੈਨ ਮਨਸੂਖ ਕਰ ਦਿਤੀ ਗਈ ਹੈ ਜਾਂ ਜੇ ਤੁਹਾਡੀ ਬੈਂਕ ਨੇ ਕਿਸ਼ਤ ਨਾ-ਮਨਜ਼ੂਰ ਕਰ ਦਿੱਤੀ ਹੈ, ਤਾਂ ਉਸ ਪਿਛੋਂ ਜੇ ਕੋਈ ਬਕਾਇਆ ਰਹਿੰਦਾ ਹੋਵੇ ਤਾਂ ਉਸ ਦੀ ਅਦਾਇਗੀ ਸਿਟੀ ਔਫ਼ ਐਬਟਸਫੋਰਡ ਨੂੰ ਸਿਧੀ ਕਰਨੀ ਪਵੇਗੀ।

ਮਿਹਰਬਾਨੀ ਕਰਕੇ ਫ਼ਾਰਮ ਦਾ ਇਹ ਭਾਗ ਆਪਣੇ ਰੀਕਾਰਡ ਅਤੇ ਜਾਣਕਾਰੀ ਲਈ ਰੱਖ ਲਵੋ।